ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ,ਪੰਜਾਬ।
(ਈ-2,ਸਾਖਾ)

ਵੱਲ,

1. ਡਾਇਰੈਕਟਰ ਖੋਜ਼ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਹਤ ਸੇਵਾਵਾਂ (ਸ.ਬ.) ਪੰਜਾਬ, ਚੰਡੀਗੜ੍ਹ।
3 ਡਾਇਰੈਕਟਰ ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
4. ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਜਲੰਧਰ।
5. ਸਮੂਹ ਸਿਵਲ ਸਰਜਨ, ਪੰਜਾਬ ਰਾਜ।
6. ਮੈਡੀਕਲ ਸੁਪਰਡੈਂਟ, ਸਿਵਲ ਹਸਪਤਾਲ ਜਲੰਧਰ/ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ/ ਈ.ਐਸ.ਆਈ. ਹਸਪਤਾਲ, ਲੁਧਿਆਣਾ/ ਅੰਮ੍ਰਿਤਸਰ/ ਜਲੰਧਰ।

ਨੰ: ਈ2(2)ਪੰ:16/ 6303-6338
ਮਿਤੀ.ਚੰਡੀਗੜ; 23-09-2016

ਵਿਸ਼ਾ:- ਸਾਲ 1993 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਅਤੇ ਸਾਲ 1989 ਤੱਕ ਦੇ ਸ਼ਾਰਟ ਟਰਮ (ਅਡਹਾਕ) ਦੇ ਅਧਾਰ ਤੇ ਰੈਗੂਲਰ ਹੋਏ, ਮੈਡੀਕਲ ਅਫਸਰਾਂ ਦੀ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਜਾਰੀ ਕਰਨ ਬਾਰੇ।

*********

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ: ਈ2(2)ਪੰ:15/6755-97 ਮਿਤੀ 06.11.2015 ਰਾਹੀਂ ਸੀਨੀਅਰਤਾ ਨੰ: 5654 ਤੋਂ 5856 ਤੱਕ ਦੇ ਡਾਕਟਰਾਂ ਦੀ ਫਾਈਨਲ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ ਦੇ ਹਵਾਲੇ ਵਿੱਚ।

ਸਾਲ 1993 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਸਿਫਾਰਸ਼ ਕੀਤੇ ਮੈਡੀਕਲ ਅਫਸਰ ਅਤੇ ਸਾਲ 1989 ਦੌਰਾਨ ਸ਼ਾਰਟ ਟਰਮ (ਐਡਹਾਕ) ਤੇ ਭਰਤੀ ਹੋਏ ਮੈਡੀਕਲ ਅਫਸਰਾਂ ਦੀਆਂ ਸੇਵਾਵਾਂ ਸਾਲ 1933 ਦੌਰਾਨ ਵੱਖ-ਵੱਖ ਮਿਤੀਆਂ ਤੋਂ ਵੱਖ-ਵੱਖ ਹੁਕਮਾਂ ਰਾਹੀਂ ਰੈਗੂਲਰ ਕੀਤੀਆਂ ਗਈਆਂ ਹਨ ਦੇ ਨਾਮ ਵੀ ਸ਼ਾਮਿਲ ਕਰਦੇ ਹੋਏ ਇਹ ਸੀਨੀਆਰਤਾ ਤਿਆਰ ਕੀਤੀ ਗਈ ਹੈ। ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਨੰ: ਜੀ.ਐਸ.ਆਰ./117/Const./Art/309/82 ਮਿਤੀ 07.07.1982 ਅਤੇ ਪੰਜਾਬ ਸਰਕਾਰ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ (ਪ੍ਰਸੋਨਲ ਪਾਲਸੀਜ਼ ਬ੍ਰਾਚ-1) ਦੇ ਨੋਟੀਫਿਕੇਸ਼ਨ ਜੀ.ਐਸ.ਆਰ.-33/Const./Art/309/94 ਮਿਤੀ 04.05.1994 ਰਾਹੀਂ ਜਾਰੀ ਨਿਯਮ Punjab Civil Service (General & Common Conditions of Services) Rules 1994 ਅਨੁਸਾਰ ਸੇਵਾ ਨੰ: 5857 ਤੋਂ 6198 ਤੱਕ ਦੇ ਮੈਡੀਕਲ ਅਫਸਰਾਂ ਦੀ ਤਿਆਰ ਕੀਤੀ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਨਾਲ ਨੱਥੀ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਸੀਨੀਆਰਤਾ ਸੂਚੀ ਵਿੱਚ ਦਰਸਾਏ ਮੈਡੀਕਲ ਅਫਸਰ ਜ਼ੋ ਆਪ ਦੇ ਅਧੀਨ ਕੰਮ ਕਰਦੇ ਹਨ ਨੂੰ ਨੋਟ ਕਰਵਾ ਦਿੱਤਾ ਜਾਵੇ ਅਤੇ ਇਸ ਦਫਤਰ ਨੂੰ ਸਰਟੀਫਿਕੇਟ ਭੇਜਿਆ ਜਾਵੇ ਕਿ ਸਬੰਧਤ ਡਾਕਟਰਾਂ ਨੂੰ ਸੀਨੀਆਰਤਾ ਸੂਚੀ ਨੋਟ ਕਰਵਾ ਦਿੱਤੀ ਹੈ। ਜੇਕਰ ਕਿਸੇ ਮੈਡੀਕਲ ਅਫਸਰ ਨੂੰ ਇਸ ਜਾਰੀ ਕੀਤੀ ਸੀਨੀਆਰਤਾ ਸੂਚੀ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨ ਦੇ ਅੰਦਰ-ਅੰਦਰ ਯੋਗ ਪ੍ਰਣਾਲੀ ਰਾਹੀਂ ਦਸਤਾਵੇਜ਼ੀ ਸਬੂਤਾਂ ਸਮੇਤ ਇਸ ਦਫਤਰ ਨੂੰ ਭੇਜਿਆ ਜਾਵੇ। ਨਿਸ਼ਚਿਤ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਇਹ ਸੀਨੀਆਰਤਾ ਸੂਚੀ ਵਿਭਾਗ ਦੀ ਵੈਬ-ਸਾਈਟ www.pbhealth.gov.in ਤੇ ਪਾ ਦਿੱਤੀ ਗਈ ਹੈ ਇਸ ਲਈ ਇਹ ਸੂਚੀ ਵੈਬ-ਸਾਈਟ ਤੋਂ ਡਾਊਨਲੋਡ ਕਰਕੇ ਸਬੰਧਤ ਮੈਡੀਕਲ ਅਫਸਰਾਂ ਨੂੰ ਨੋਟ ਕਰਵਾ ਦਿੱਤੀ ਜਾਵੇ।

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿੱਠ ਅੰਕਣ ਨੰ:ਈ2(2)ਪੰ:16/ ਮਿਤੀ.ਚੰਡੀਗੜ; 23/9/16

ਉਤਾਰਾ:

1. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1, ਸ਼ਾਖਾ) ਚੰਡੀਗੜ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸੈਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜ਼ਾਂਦੀ ਹੈ ਕਿ ਨਾਲ ਨੱਥੀ ਸੀਨੀਅਰਤਾ ਵਿਭਾਗ ਦੀ ਵੈਬ-ਸਾਈਟ ਤੇ ਅੱਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ